## ਕੀ ਮੇਰੇ 'ਸਕੋਪ ਆਫ਼ ਟ੍ਰੀਟਮੈਂਟ' ਆਰਡਰ ਦਾ ਕ੍ਰਮ ਬਦਲਿਆ ਜਾ ਸਕਦਾ ਹੈ? (Can my 'Scope of Treatment' order be changed?)

ਹਾਂ, ਤੁਹਾਡਾ ਡਾਕਟਰ ਤੁਹਾਡੇ MOST ਨੂੰ ਤੁਹਾਡੀ ਹਾਲਤ ਦੇ ਅਧਾਰ ਤੇ ਅਪਡੇਟ ਰੱਖੇਗਾ। ਤੁਹਾਡੇ ਡਾਕਟਰ ਕੋਲ ਘੱਟੋ-ਘੱਟ ਸਾਲ ਵਿੱਚ ਇੱਕ ਵਾਰ ਆਪਣੇ 'ਸਕੋਪ ਆਫ਼ ਟ੍ਰੀਟਮੈਂਟ' ਦੇ ਕ੍ਰਮ ਦੀ ਸਮੀਖਿਆ ਕਰਨਾ ਅਤੇ ਇਸ ਨੂੰ ਅਪਡੇਟ ਰੱਖਣਾ ਚੰਗੀ ਗੱਲ ਹੈ ਅਤੇ ਜੇਕਰ:

- ਤੁਹਾਡੀ ਸਿਹਤ ਵਿੱਚ ਬਦਲਾਵ ਆਉਂਦਾ ਹੈ ਜਾਂ
- ਤੁਸੀਂ ਹਸਪਤਾਲ, ਘਰੇਲੂ ਦੇਖਭਾਲ ਸੁਵਿਧਾ ਜਾਂ ਹੋਸਪਿਸ ਵਿੱਚ ਦੇਖਭਾਲ-ਸੰਬੰਧੀ ਸੈਟਿੰਗਾਂ ਨੂੰ ਬਦਲਦੇ ਹੋ

## ਮੇਰਾ 'ਸਕੋਪ ਆਫ਼ ਟ੍ਰੀਟਮੈਂਟ' ਆਰਡਰ ਫ਼ਾਰਮ ਕਿੱਥੇ ਰੱਖਿਆ ਜਾਂਦਾ ਹੈ? (Where is my 'Scope of Treatment' order form kept?)

ਹਸਪਤਾਲ ਤੁਹਾਡੇ MOST ਆਰਡਰ ਨੂੰ ਸੰਭਾਲਦਾ ਹੈ ਅਤੇ MOST ਨਾਲ, ਜੇਕਰ ਤੁਸੀਂ ਇਕ ਸੈਟਿੰਗ ਤੋਂ ਦੂਸਰੀ ਸੈਟਿੰਗ ਵਿੱਚ ਟ੍ਰਾਂਸਫ਼ਰ ਹੋ ਗਏ ਹੋ ਤਾਂ ਇਕ ਤੋਂ ਦੂਜੀ ਸੈਟਿੰਗ ਤੱਕ MOST ਸੰਬੰਧੀ ਜਾਣਕਾਰੀ ਪ੍ਰਦਾਨ ਕਰਦਾ ਹੈ। ਅਗਲੀ ਸੈਟਿੰਗ ਵਿੱਖੇ ਤੁਹਾਡੀ ਦੇਖਭਾਲ ਟੀਮ ਤੁਹਾਡੇ MOST ਦੀ ਸਮੀਖਿਆ ਕਰੇਗੀ, ਅਤੇ ਇਹ ਯਕੀਨੀ ਬਣਾਏਗੀ ਕਿ ਤੁਹਾਡੇ ਹਲਾਤਾਂ ਦੇ ਮੁਤਾਬਕ ਇਹ ਹਾਲੀਆ ਹੈ।

ਜਦੋਂ ਤੁਸੀਂ ਹਸਪਤਾਲ ਤੋਂ ਜਾਂਦੇ ਹੋ, ਤਾਂ ਤੁਹਾਡੇ ਆਪਣੇ ਫ਼ਾਰਮ ਦੀ ਨਕਲ ਤੁਹਾਨੂੰ ਰੱਖਣ ਲਈ ਦਿੱਤੀ ਜਾ ਸਕਦੀ ਹੈ। ਇਸਨੂੰ ਆਪਣੇ ਘਰ ਵਿੱਚ ਆਪਣੇ ਫ੍ਰਿਜ ਤੇ ਰੱਖੋ ਅਤੇ ਇਸ ਬਾਰੇ ਆਪਣੇ ਪਰਿਵਾਰ ਅਤੇ ਆਪਣੇ ਪਰਿਵਾਰ ਦੇ ਡਾਕਟਰ ਨਾਲ ਗੱਲ ਕਰਨ ਤੇ ਵਿਚਾਰ ਕਰੋ।

## ਸਵਾਲ ਪੁੱਛਣਾ ਅਤੇ ਆਪਣੇ ਭਵਿੱਖ ਦੇ ਸਿਹਤ ਦੇਖਭਾਲ ਫ਼ੈਸਲਿਆਂ ਬਾਰੇ ਗੱਲਬਾਤ ਕਰਨਾ ਚੰਗਾ ਹੁੰਦਾ ਹੈ। (It is good to ask questions and talk about future health care decisions)

ਆਪਣੇ ਪਰਿਵਾਰ ਨਾਲ ਆਪਣੀਆਂ ਮੌਜੂਦਾ ਅਤੇ ਭਵਿੱਖ ਦੀਆਂ ਇੱਛਾਵਾਂ ਬਾਰੇ ਗੱਲ ਕਰੋ। ਆਪਣੇ ਪਰਿਵਾਰਕ ਜੀਆਂ ਨੂੰ ਡਾਕਟਰੀ ਮੁਲਾਕਾਤਾਂ ਤੇ ਸੱਦਣ ਬਾਰੇ ਸੋਚੋ। ਸੰਕਟ ਤੋਂ ਪਹਿਲਾਂ ਇਸ ਬਾਰੇ ਗੱਲ ਕਰਨਾ ਅਹਿਮ ਹੈ ਤਾਂ ਜੋ ਤੁਹਾਡਾ ਪਰਿਵਾਰ ਅਤੇ ਤੁਹਾਡਾ/ਤੁਹਾਡੇ ਵਿਕਲਪਿਕ ਫ਼ੈਸਲਾਕਰਤਾ ਤਿਆਰ ਰਹਿਣ ਅਤੇ ਇਹ ਜਾਣ ਲੈਣ ਕਿ ਤੁਸੀਂ ਕੀ ਫੈਸਲੇ ਲੈਣਾ ਚਾਹੋਗੇ।

## ਵਿਕਲਪਿਕ ਫ਼ੈਸਲਾਕਰਤਾ ਕੌਣ ਹੁੰਦਾ ਹੈ? (What is a Substitute Decision Maker?)

BC ਵਿੱਚ, ਵਿਕਲਪਿਕ ਫ਼ੈਸਲਾਕਰਤਾ ਇੱਕ ਪਰਿਵਾਰਕ ਜੀਅ ਜਾਂ ਨਜ਼ਦੀਕੀ ਦੋਸਤ ਹੁੰਦਾ ਹੈ ਜਿਸ ਕੋਲ ਉਸ ਸਮੇਂ ਤੁਹਾਡੇ ਲਈ ਸਿਹਤ ਦੇਖਭਾਲ ਫ਼ੈਸਲੇ ਕਰਨ ਦਾ ਕਾਨੂੰਨੀ ਅਧਿਕਾਰ ਹੁੰਦਾ ਹੈ ਜਦੋਂ ਤੁਸੀਂ ਆਪ ਨਹੀਂ ਬੋਲ ਸਕਦੇ। ਇਹ ਬਹੁਤ ਜ਼ਰੂਰੀ ਹੈ ਕਿ ਤੁਹਾਡੇ ਵਿਕਲਪਿਕ ਫ਼ੈਸਲਾਕਰਤਾ ਨੂੰ ਉਸ ਦੇਖ਼ਭਾਲ ਬਾਰੇ ਪਤਾ ਹੋਵੇ ਜੋ ਤੁਸੀਂ ਚਾਹੁੰਦੇ ਹੋ।

ਐਡਵਾਂਸ ਕੇਅਰ ਪਲੈਨਿੰਗ ਅਤੇ ਜੀਵਨ ਦੇ ਅੰਤ 'ਤੇ ਫ਼ੈਸਲਾ ਕਰਨ ਸੰਬੰਧੀ ਹੋਰ ਜਾਣਕਾਰੀ ਲਈ ਇਸ ਵੈੱਬਸਾਈਟ 'ਤੇ ਜਾਓ:

www.vch.ca/acp

Adapted with permission from
Fraser Health Authority Form # 262736

For more copies, go online at **http://vch.eduhealth.ca** or email **phem@vch.ca** and quote Catalogue No. **IA.220.M43.PU**
© Vancouver Coastal Health, March 2016

ਇਸ ਦਸਤਾਵੇਜ਼ ਵਿਚਲੀ ਜਾਣਕਾਰੀ ਸਿਰਫ਼ ਉਸ ਵਿਅਕਤੀ ਲਈ ਹੈ ਜਿਸ ਨੂੰ ਸਿਹਤ ਦੇਖਭਾਲ ਟੀਮ ਵੱਲੋਂ ਇਹ ਦਿੱਤਾ ਗਿਆ ਹੈ।

www.vch.ca

Vancouver CoastalHealth

Punjabi

# ਮੈਡੀਕਲ ਆਰਡਰ ਫਾਰ ਸਕੋਪ ਆਫ ਟ੍ਰੀਟਮੈਂਟ (Medical Order for Scope of Treatment, MOST)

## ਇਹ ਕੀ ਹੈ? ਇਹ ਮੈਨੂੰ ਕਿਉਂ ਮਿਲੇਗਾ?

*ਤੰਦਰੁਸਤੀ ਨੂੰ ਵਧਾ ਰਿਹਾ ਹੈ। ਦੇਖਭਾਲ ਸੁਨਿਸ਼ਚਿਤ ਕਰ ਰਿਹਾ ਹੈ।*

## ਮੈਡੀਕਲ ਆਰਡਰ ਫ਼ਾਰ ਸਕੋਪ ਆਫ਼ ਟ੍ਰੀਟਮੈਂਟ (ਇਲਾਜ ਦੇ ਦਾਇਰੇ ਸੰਬੰਧੀ ਡਾਕਟਰੀ ਆਦੇਸ਼) ਜਾਂ MOST ਕੀ ਹੈ? (What is a 'Medical Order for Scope of Treatment'?)

ਇਹ CPR ਅਤੇ ਹੋਰ ਮੱਧਵਰਤਨਾਂ ਬਾਰੇ ਤੁਹਾਡੇ ਅਤੇ ਤੁਹਾਡੇ ਡਾਕਟਰ ਦੇ ਵਿੱਚ ਹੋਈਆਂ ਗੱਲਾਬਾਤਾਂ 'ਤੇ ਆਧਾਰਿਤ ਡਾਕਟਰ ਦਾ ਇੱਕ ਆਦੇਸ਼ ਹੈ। ਇਹ ਗੱਲਾਬਾਤਾਂ, ਇਸ ਗੱਲ ਨੂੰ ਧਿਆਨ ਵਿੱਚ ਰੱਖਦੇ ਹੋਏ ਕਿ ਤੁਹਾਡੀ ਵਰਤਮਾਨ ਸਥਿਤੀ ਲਈ ਚਿਕਿਤਸਕੀ ਰੂਪ ਤੋਂ ਕੀ ਉਚਿਤ ਹੈ, ਤੁਹਾਡੀਆਂ ਮਾਨਤਾਵਾਂ ਅਤੇ ਟੀਚਿਆਂ ਦਾ ਪਤਾ ਲਗਾਉਂਦੀਆਂ ਹਨ। ਇੱਕ ਵਾਰ ਫ਼ੈਸਲਾ ਹੋ ਜਾਣ ਤੇ ਤੁਹਾਡਾ ਡਾਕਟਰ ਇਸਨੂੰ **ਮੈ**ਡੀਕਲ **ਆ**ਰਡਰ ਫਾਰ **ਸ**ਕੋਪ ਆਫ **ਟ੍ਰੀ**ਟਮੈਂਟ ਜਾਂ 'MOST' ਫਾਰਮ ਤੇ ਰਿਕਾਰਡ ਕਰ ਸਕਦਾ ਹੈ। ਇਹ, ਦੇਖਭਾਲ ਟੀਮਾਂ ਦੀ ਸਮਝਣ ਵਿੱਚ ਮਦਦ ਕਰਦਾ ਹੈ ਕਿ ਤੁਹਾਡੀ ਦੇਖਭਾਲ ਲਈ ਚਿਕਿਤਸਕੀ ਰੂਪ ਤੋਂ ਕੀ ਉਚਿਤ ਹੈ।

**ਮੈਡੀਕਲ ਆਰਡਰ ਫ਼ਾਰ ਸਕੋਪ ਆਫ਼ ਟ੍ਰੀਟਮੈਂਟ** ਫ਼ਾਰਮ ਹੇਠ ਲਿਖਿਆਂ ਲਈ ਆਰਡਰ ਪ੍ਰਦਾਨ ਕਰਦਾ ਹੈ:

- ਤੁਹਾਡਾ ਦਿਲ ਧੜਕਨਾ ਬੰਦ ਹੋਣ ਅਤੇ ਸਾਹ ਰੁਕ ਜਾਣ 'ਤੇ ਕਾਰਡੀਓ ਪੁਲਮੋਨਰੀ ਰੀਸੈਸੀਟੇਸ਼ਨ (CPR)। CPR ਉਹ ਹੁੰਦੀ ਹੈ ਜਦੋਂ ਅਸੀਂ ਤੁਹਾਡੇ ਦਿਲ ਦੀ ਧੜਕਨ ਅਤੇ ਸਾਹ ਨੂੰ ਮਸ਼ੀਨਾਂ ਅਤੇ ਚੈੱਸਟ ਕੰਪ੍ਰੈਸ਼ਨਾਂ ਨਾਲ ਮੁੜ ਤੋਂ ਚਾਲੂ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਇਹ ਸ਼ਾਇਦ ਤੁਹਾਡੇ ਲਈ ਸਹੀ ਨਹੀਂ ਹੋ ਸਕਦਾ ਕਿਉਂਕਿ ਇਹ ਚਿਰਕਾਲਿਨ ਬਿਮਾਰੀ ਦੇ ਅਸਰ ਨੂੰ ਨਹੀਂ ਬਦਲ ਸਕਦਾ।
- ਤੁਹਾਡੇ ਲਈ ਕੀ ਸਹੀ ਹੈ ਇਸ ਬਾਰੇ ਆਪਣੇ ਡਾਕਟਰ ਨਾਲ ਗੱਲ-ਬਾਤ ਕਰੋ।

## ਮੈਂ ਸਕੋਪ ਆਫ ਟ੍ਰੀਟਮੈਂਟ ਆਰਡਰ ਕਿਉਂ ਲਵਾਂ? (Why would I have a Scope of Treatment order?)

ਅਸੀਂ ਪ੍ਰਦਾਤਿਆਂ ਨੂੰ ਉਨ੍ਹਾਂ ਸਾਰੇ ਬਾਲਗ ਮਰੀਜ਼ਾਂ ਲਈ ਸਕੋਪ ਆਫ ਟ੍ਰੀਟਮੈਂਟ ਆਰਡਰ ਲਿਖਤੀ ਰੂਪ ਵਿੱਚ ਦੇਣ ਲਈ ਕਹਿੰਦੇ ਹਾਂ ਜੋ ਵੈਨਕੂਵਰ ਕੋਸਟਲ ਹੈਲਥ ਦੀਆਂ ਤੀਬਰ, ਮੁੜ-ਸੁਧਾਰ, ਆਵਾਸੀ, ਅਤੇ ਹੋਸਪਿਸ ਸੈਟਿੰਗਾਂ ਵਿੱਚ ਹਨ।

### ਕੋਡ ਸਥਿਤੀ ਅਤੇ MOST ਨਾਮਜ਼ਦਗੀਆਂ:

| | ਲੱਛਣ ਨਿਯੰਤ੍ਰਣ | CPR | ਇੰਟਿਊਬੇਸ਼ਨ | ICU | ਥਾਂ ਦਾ ਤਬਾਦਲਾ | ਮੁੜਵੇਂ ਹਾਲਾਤਾਂ ਦਾ ਉਪਚਾਰ |
|---|---|---|---|---|---|---|
| ਵਿਕਲਪ 1 | ✓ | ✕ | ✕ | ✕ | ✕ | ✕ |
| ਵਿਕਲਪ 2 | ✓ | ✕ | ✕ | ✕ | ✕ | ✓ |
| ਵਿਕਲਪ 3 | ✓ | ✕ | ✕ | ✕ | ✓ | ✓ |
| ਵਿਕਲਪ 4 | ✓ | ✕ | ✕ | ✓ | ✓ | ✓ |
| ਵਿਕਲਪ 5 | ✓ | ✕ | ✓ | ✓ | ✓ | ✓ |
| CPR ਦਾ ਯਤਨ ਕਰਨਾ | ✓ | ✓ | ✓ | ✓ | ✓ | ✓ |

| | |
|---|---|
| **ਵਿਕਲਪ 1 (M1)** | ਕੋਈ CPR ਨਹੀਂ। ਮਦਦਗਾਰ ਦੇਖਭਾਲ ਜਿਵੇਂ ਕਿ ਨਰਸਿੰਗ ਦੇਖਭਾਲ, ਦਰਦ ਤੋਂ ਅਰਾਮ, ਬੁਖ਼ਾਰ ਤੇ ਨਿਯੰਤ੍ਰਣ, ਤਰਲ ਪਦਾਰਥਾਂ ਦੀ ਵਿਵਸਥਾ ਅਤੇ ਨਿਰੰਤਰ ਪੱਕੇ ਚਿਰਕਾਲਿਨ ਹਲਾਤਾਂ ਨੂੰ ਵਿਵਸਥਿਤ ਕਰਨਾ। |
| **ਵਿਕਲਪ 2 (M2)** | ਕੋਈ CPR ਨਹੀਂ। ਵਿਕਲਪ 1 ਦੇ ਨਾਲ ਤੀਬਰ ਹਲਾਤਾਂ ਨੂੰ ਸੰਭਾਲਣ ਲਈ ਰਿਹਾਇਸ਼ੀ ਜਾਂ ਹੋਰ ਸਹੂਲਤ ਜਾਂ ਪ੍ਰੋਗਰਾਮ ਦੀ ਹੱਦ ਵਿੱਚ ਵੈਦਿਕ ਉਪਾਅ ਅਤੇ ਦਵਾਈਆਂ ਦੀ ਵਰਤੋਂ ਜਿਸ ਵਿੱਚ ਮਰੀਜ਼/ਘਰ ਵਿੱਚਲੇ ਮਰੀਜ਼ ਨੂੰ ਦਾਖ਼ਲ ਕੀਤਾ ਹੋਵੇ। |
| **ਵਿਕਲਪ 3 (M3)** | ਕੋਈ CPR ਨਹੀਂ। ਵਿਕਲਪ 2 ਦੇ ਨਾਲ ਡਾਕਟਰੀ/ਸਰਜੀਕਲ ਨਿਰਦੇਸ਼ਿਤ ਉਪਚਾਰ ਲਈ ਨਾਜ਼ੁਕ ਦੇਖਭਾਲ ਕਰਨ ਵਾਲੇ ਹਸਪਤਾਲ ਵਿੱਚ ਦਾਖਲਾ (ਜੇਕਰ ਪਹਿਲਾਂ ਤੋਂ ਦਾਖਲ ਨਹੀਂ ਹੈ)। ਨਾਜ਼ੁਕ ਦੇਖ਼ਭਾਲ ਲਈ ਕੋਈ ਰੈੱਫ਼ਰਲ (ਹਵਾਲਾ) ਨਹੀਂ। |
| **ਵਿਕਲਪ 4 (C1)** | ਕੋਈ CPR ਨਹੀਂ। ਵਿਕਲਪ 3 (M3) ਵਜੋਂ ਵੱਧ ਤੋਂ ਵੱਧ ਚਿਕਿਤਸਾ ਸੰਬੰਧੀ ਕੋਸ਼ਿਸ਼ਾਂ ਜਿਸ ਵਿੱਚ ਨਾਜ਼ੁਕ ਦੇਖਭਾਲ ਲਈ ਰੈੱਫ਼ਰਲ (ਹਵਾਲਾ) ਸ਼ਾਮਲ ਹੈ ਪਰ ਇੰਟਿਊਬੇਸ਼ਨ ਅਤੇ ਵੈਂਟੀਲੇਸ਼ਨ ਸ਼ਾਮਲ ਨਹੀਂ ਹਨ। |
| **ਵਿਕਲਪ 5 (C2)** | ਕੋਈ CPR ਨਹੀਂ। ਵਿਕਲਪ 4 (C1) ਵਜੋਂ ਵੱਧ ਤੋਂ ਵੱਧ ਚਿਕਿਤਸਾ ਸੰਬੰਧੀ ਕੋਸ਼ਿਸ਼ਾਂ ਜਿਸ ਵਿੱਚ ਨਾਜ਼ੁਕ ਦੇਖਭਾਲ ਲਈ ਰੈੱਫ਼ਰਲ (ਹਵਾਲੇ) ਸਮੇਤ ਇੰਟਿਊਬੇਸ਼ਨ ਅਤੇ ਵੈਂਟੀਲੇਸ਼ਨ ਸ਼ਾਮਲ ਹਨ। |
| **CPR ਦਾ ਯਤਨ ਕਰਨਾ** | ਸਿਹਤ ਸੰਬੰਧੀ ਨਾਜ਼ੁਕ ਤਕਲੀਫ਼ ਹੋਣ ਦੇ ਹਲਾਤ ਵਿੱਚ, ਨਾਜ਼ੁਕ ਦੇਖਭਾਲ ਅਤੇ ਇੰਟਿਊਬੇਸ਼ਨ ਦੇ ਹਵਾਲੇ ਸਮੇਤ ਵੱਧ ਤੋਂ ਵੱਧ ਚਿਕਿਤਸਾ ਸੰਬੰਧੀ ਕੋਸ਼ਿਸ਼ਾਂ ਸ਼ਾਮਲ ਹਨ। |

## ਮੇਰਾ ਡਾਕਟਰ ਅਤੇ ਮੈਂ ਕੀ ਗੱਲ ਕਰਾਂਗੇ? (What will my doctor and I talk about?)

- ਤੁਹਾਡੇ ਲਈ ਕੀ ਜ਼ਰੂਰੀ ਹੈ
- ਆਪਣੀ ਸਿਹਤ ਅਤੇ ਇਹ ਭਵਿੱਖ ਵਿੱਚ ਕਿਵੇਂ ਦੀ ਹੋ ਸਕਦੀ ਹੈ ਅਤੇ ਇਲਾਜ਼ ਦੀਆਂ ਕਿਸਮਾਂ ਜੋ ਕਿ ਅਸਰਦਾਰ ਹੋ ਸਕਦੀਆਂ ਹਨ
- ਜ਼ਿੰਦਗੀ ਦੇ ਅੰਤ ਤੇ ਦੇਖਭਾਲ ਲਈ ਵਿਕਲਪਾਂ ਲਈ
- ਜੇ ਤੁਸੀਂ ਆਪ ਨਹੀਂ ਦੱਸ ਸਕਦੇ ਤਾਂ ਤੁਹਾਡੇ ਲਈ ਕੌਣ ਬੋਲੇਗਾ? (ਵਿਕਲਪਿਕ ਫ਼ੈਸਲਾਕਰਤਾ)

ਆਪਣੇ ਡਾਕਟਰ ਨਾਲ ਗੱਲ-ਬਾਤ ਕਰਨਾ ਤੁਹਾਨੂੰ ਤੁਹਾਡੇ ਲਈ ਉਪਲਬਧ ਵਿਕਲਪਾਂ ਨੂੰ ਸਮਝਣ ਅਤੇ ਤੁਹਾਡੇ ਲਈ ਸਭ ਤੋਂ ਚੰਗੇ ਵਿਕਲਪ ਦੀ ਯੋਜਨਾ ਬਣਾਉਣ ਵਿੱਚ ਮਦਦ ਕਰਦਾ ਹੈ। ਆਪਣੇ ਪਰਿਵਾਰ ਨੂੰ ਸ਼ਾਮਲ ਕਰਨਾ ਸਭ ਤੋਂ ਚੰਗਾ ਹੈ ਤਾਂ ਜੋ ਉਹ ਤੁਹਾਡੀ ਸਹਾਇਤਾ ਕਰਨ ਦੇ ਯੋਗ ਹੋ ਸਕਣ।

## ਮੈਨੂੰ ਇਸ ਸਕੋਪ ਆਫ਼ ਟ੍ਰੀਟਮੈਂਟ ਆਰਡਰ ਦੀ ਜ਼ਰੂਰਤ ਕਿਉਂ ਹੋਵੇਗੀ? (Why would I need this Scope of Treatment order?)

ਕਈ ਲੋਕ ਜਦੋਂ ਉਹ ਬਹੁਤ ਬਿਮਾਰ ਹੋ ਜਾਂਦੇ ਹਨ ਤਾਂ ਉਹ ਆਪਣੇ ਖ਼ੁਦ ਦੀ ਸਿਹਤ ਦੀ ਦੇਖਭਾਲ ਕਰਨ ਦੇ ਫ਼ੈਸਲੇ ਕਰਨ ਦੀ ਯੋਗਤਾ ਗੁਆ ਦਿੰਦੇ ਹਨ। ਜੇ ਤੁਸੀਂ ਆਪਣੇ ਲਈ ਆਪ ਨਹੀਂ ਬੋਲ ਸਕਦੇ ਜਾਂ ਸਿਹਤ ਦੀ ਦੇਖ਼ਭਾਲ ਦੇ ਫ਼ੈਸਲੇ ਨਹੀਂ ਲੈ ਸਕਦੇ, ਤਾਂ ਇਹ MOST ਆਰਡਰ ਤੁਹਾਡੇ ਲਈ ਦੇਖ਼ਭਾਲ ਸੰਚਾਲਿਤ ਕਰ ਸਕਦਾ ਹੈ।